# ਕੀ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਦੇ ਪਰਚੂਨ ਵਿਕਰੇਤਾ ਇੰਟਰਨੈਟ ਤੇ ਜਾਂ ਬਿਨਾਂ ਲਾਈਸੈਂਸ ਵਾਲੇ ਸਪਲਾਇਰ ਤੋਂ ਸਿਗਰਟਾਂ ਅਤੇ ਤੰਬਾਕੂ ਉਤਪਾਦ ਖਰੀਦ ਸਕਦੇ ਹਨ?

## ਸਿਗਰਟਾਂ ਅਤੇ ਤੰਬਾਕੂ ਉਤਪਾਦ ਖਰੀਦਣ ਤੋਂ ਪਹਿਲਾਂ ਤੁਹਾਡੇ ਜਾਣਨ ਯੋਗ ਗੱਲਾਂ!

ਪ੍ਰ: ਮੈਂ ਸਿਗਰਟ ਅਤੇ ਤੰਬਾਕੂ ਉਤਪਾਦਾਂ ਦਾ ਪਰਚੂਨ ਵਿਕਰੇਤਾ ਹਾਂ ਅਤੇ ਮੈਨੂੰ ਇੰਟਰਨੈਟ ਤੇ ਇੱਕ ਕੰਪਨੀ ਵਲੋਂ ਵੇਚੇ ਜਾਂਦੇ ਕੁਝ ਉਤਪਾਦ ਬਹੁਤ ਵਧੀਆ ਕੀਮਤ ਤੇ ਮਿਲ ਰਹੇ ਹਨ। ਕੀ ਮੈਂ ਇਹਨਾਂ ਉਤਪਾਦਾਂ ਨੂੰ ਆਪਣੇ ਸਟੋਰ ਵਿਚ ਵੇਚਣ ਲਈ ਖਰੀਦ ਸਕਦਾ ਹਾਂ?

ਉ: ਇਹ ਕੁਝ ਗੱਲਾਂ ਤੇ ਨਿਰਭਰ ਕਰਦਾ ਹੈ। ਕੈਲੀਫੋਰਨੀਆ ਵਿਚ ਕੋਈ ਵੀ ਲਾਈਸੈਂਸ ਧਾਰੀ ਪਰਚੂਨ ਵਿਕਰੇਤਾ ਕੇਵਲ ਟੈਕਸ ਭੁਗਤਾਨ ਕੀਤੀਆਂ ਸਿਗਰਟਾਂ ਅਤੇ ਤੰਬਾਕੂ ਉਤਪਾਦ ਸਿਰਫ਼ ਕਿਸੇ ਲਾਈਸੈਂਸ ਧਾਰੀ ਡਿਸਟ੍ਰੀਬਿਊਟਰ ਜਾਂ ਥੋਕ ਵਿਕਰੇਤਾ ਤੋਂ ਹੀ ਪ੍ਰਾਪਤ ਕਰ ਸਕਦਾ ਹੈ।ਇਹ ਜਾਣਨ ਲਈ ਕਿ ਕੰਪਨੀ ਕੋਲ ਲਾਈਸੈਂਸ ਹੈ ਜਾਂ ਨਹੀਂ, ਤੁਸੀਂ ਸਟੇਟ ਬੋਰਡ ਆਫ਼ ਈਕੁਅਲਾਈਜ਼ੇਸ਼ਨ (ਬੀ ਓ ਈ) ਦੀ ਵੈਬਸਾਈਟ ਦੇਖ ਸਕਦੇ ਹੋ। *https://efile.boe.ca.gov/boewebservices/verification.jsp* ਤੇ ਜਾਉ ਅਤੇ ਰਜਿਸਟਰਡ ਖਾਤਿਆਂ ਦੀ ਪੂਰੀਆਂ ਸੂਚੀਆਂ ਲਈ ਦਸਿਟਰਬ੍ਰਿਟੋਰ ਅਤੇ ਾਹੋਲਏਸਓਲਏਰ ਦੋਨਾਂ ਤੇ ਕਲਿੱਕ ਕਰੋ।

ਇਸ ਦੇ ਇਲਾਵਾ, ਕਿਸੇ ਵੀ ਬਰਾਂਡ ਦੀਆਂ ਸਿਗਰਟਾਂ ਜਾਂ ਰੋਲ-ਯੂਅਰ-ਓਨ ਤੰਬਾਕੂ ਉਤਪਾਦ, ਜੋ ਤੁਸੀਂ ਵੇਚਣਾ ਚਾਹੁੰਦੇ ਹੋ, ਕੈਲੀਫੋਰਨੀਆ ਦੇ ਅਟਾਰਨੀ ਜਨਰਲ ਦੀ ਤੰਬਾਕੂ ਡਾਇਰੈਕਟਰੀ ਵਿਚ ਜ਼ਰੂਰ ਮੌਜੂਦ ਹੋਣੇ ਚਾਹੀਦੇ ਹਨ।ਹੋਰ ਜਾਣਕਾਰੀ ਲਈ ਵੇਖੋ:
*www.oag.ca.gov/tobacco/directory.*

ਪ੍ਰ: ਮੈਂ ਬੀ ਓ ਈ (ਭੌਓ) ਦੀ ਵੈਬਸਾਈਟ ਤੇ ਚੈਕ ਕੀਤਾ ਅਤੇ ਮੈਨੂੰ ਪਤਾ ਲੱਗਿਆ ਕਿ ਵਿਕਰੇਤਾ ਕੋਲ ਕੈਲੀਫੋਰਨੀਆ ਦਾ ਡਿਸਟ੍ਰਿਬਿਊਟਰ ਜਾਂ ਥੋਕ ਵਿਕਰੇਤਾ ਦਾ ਲਾਈਸੈਂਸ ਨਹੀਂ ਹੈ। ਹੈਰਾਨਗੀ ਨਹੀਂ, ਕਿ ਉਸ ਦੀਆਂ ਕੀਮਤਾਂ ਏਨੀਆਂ ਘੱਟ ਹਨ! ਕੀ ਮੈਂ ਤਾਂ ਵੀ ਇਹਨਾਂ ਉਤਪਾਦਾਂ ਨੂੰ ਖਰੀਦ ਸਕਦਾ ਹਾਂ?

ਉ: ਤੁਸੀਂ ਖਰੀਦ ਸਕਦੇ ਹੋ ਜੇ ਤੁਸੀਂ ਖੁਦ ਸਿਗਰਟਾਂ ਅਤੇ/ਜਾਂ ਤੰਬਾਕੂ ਉਤਪਾਦਾਂ ਦੇ ਲਾਈਸੈਂਸ ਧਾਰੀ ਡਿਸਟ੍ਰਿਬਿਊਟਰ ਵਜੋਂ ਰਜਿਸਟਰਡ ਹੋ। ਜੇ ਤੁਸੀਂ ਲਾਈਸੈਂਸ ਧਾਰੀ ਡਿਸਟ੍ਰਿਬਿਊਟਰ ਨਹੀਂ ਹੋ ਤਾਂ ਪਹਿਲਾਂ ਤੁਹਾਨੂੰ ਇਸ ਦੇ ਲਈ ਬੀ ਓ ਈ ਨੂੰ ਅਰਜ਼ੀ ਦੇਣੀ ਪਵੇਗੀ। ਤੁਹਾਨੂੰ ਘੱਟੋ ਘੱਟ $1,000 ਦਾ ਸਿਕਿਓਰਿਟੀ ਡਿਪਾਜ਼ਿਟ ਜਮ੍ਹਾਂ ਕਰਵਾਉਣਾ ਪਵੇਗਾ ਅਤੇ ਲਾਈਸੈਂਸ ਲੈਣਾ ਪਵੇਗਾ ਜਿਸਦੀ ਸਾਲਾਨਾ ਫੀਸ $1,000 ਹੈ। ਲਾਈਸੈਂਸ ਲਈ ਅਰਜ਼ੀ ਤੁਸੀਂ ਆਨਲਾਈਨ, ਈ-ਸਰਵਿਸਿਜ਼ ਦੀ ਵਰਤੋਂ ਕਰਦੇ ਹੋਏ ਦੇ ਸਕਦੇ ਹੋ ਜੋ ਸਾਡੀ ਵੈਬਸਾਈਟ *www.boe.ca.gov* ਤੇ ਉਪਲਬਧ ਹਨ। ਈ-ਸਰਵਿਸਿਜ਼ ਸਾਡੇ ਫੀਲਡ ਦਫਤਰਾਂ ਵਿਚ ਵੀ ਉਪਲਬਧ ਹੈ। ਸਹਾਇਤਾ ਲਈ ਕਿਰਪਾ ਕਰਕੇ ਸਾਡੇ ਟੈਕਸਪੇਅਰ ਜਾਣਕਾਰੀ ਸੈਕਸ਼ਨ ਨਾਲ 1-800-400-7115 (ਠਠੈ:711) ਤੇ ਸੰਪਰਕ ਕਰੋ।

# ਆਪਣੀ ਸੁਰੱਖਿਆ ਕਰੋ!

ਇੱਕ ਪਰਚੂਨ ਵਿਕਰੇਤਾ ਵਜੋਂ ਤੁਹਾਡੀ ਮਦਦ
ਕਰਨ ਲਈ ਬੀ ਓ ਈ (ਭੌਓ) ਦੇ ਪ੍ਰਕਾਸ਼ਨ ਅਤੇ
ਸਾਧਨ ਉਪਲਬਧ ਹਨ।

- ਪ੍ਰਕਾਸ਼ਨ 78, *ਸੇਲਜ਼ ਆਫ਼ ਸਿਗਰੇਟ ਐਂਡ ਟੋਬੈਕੋ ਪ੍ਰੌਡਕਟਸ ਇਨ ਕੈਲੀਫੋਰਨੀਆ* ਪੜ੍ਹੋ।
- ਪ੍ਰਕਾਸ਼ਨ 152, *ਸਿਗਰੇਟ ਐਂਡ ਟੋਬੈਕੋ ਪ੍ਰੌਡਕਟ ਇੰਸਪੈਕਸ਼ਨਜ਼* ਪੜ੍ਹੋ।
- ਡਿਸਟ੍ਰਿਬਿਊਟਰ ਜਾਂ ਥੋਕ ਵਿਕਰੇਤਾ ਦੇ ਲਾਈਸੈਂਸ ਦੀ ਜਾਂਚ ਨਾਮ ਜਾਂ ਲਾਈਸੈਂਸ ਨੰਬਰ ਦੇ ਆਧਾਰ ਤੇ ਕਰੋ।
- ਈਮੇਲ ਸੂਚਨਾਵਾਂ ਸਿਗਰੇਟ ਐਂਡ ਟੋਬੈਕੋ ਪ੍ਰੌਡਕਟਸ ਟੈਕਸ ਲਈ ਸਾਇਨ ਅੱਪ ਕਰੋ।
- ਸਿਗਰੇਟ ਐਂਡ ਟੋਬੈਕੋ ਪ੍ਰੌਡਕਟਸ ਲਾਈਸੈਂਸਿੰਗ ਬਾਰੇ ਕਲਾਸਾਂ ਲਈ ਨਾਂ ਲਿਖਵਾਉ।
- ਸਾਡੀ ਔਨਲਾਈਨ ਵੀਡਿਓ ਪ੍ਰਸਤੁਤੀ ਸਿਗਰੇਟ ਐਂਡ ਟੋਬੈਕੋ ਪ੍ਰੌਡਕਟਸ ਵੇਖੋ।

ਹੋਰ ਜਾਣਕਾਰੀ ਲਈ ਕਿਰਪਾ ਕਰਕੇ
ਸਾਡੀ ਵੈਬਸਾਈਟ ਵੇਖੋ:
*www.boe.ca.gov*

California State Board
of Equalization

(Can Cigarette and Tobacco Products Retailers
Purchase Cigarette and Tobacco Products over the
Internet or from an Unlicensed Supplier?

BOE-438-P REV. 2 • March 2013)